SED-EDU401/67/2024-2EDU4/02 ਮਿਤੀ, ਚੰਡੀਗੜ੍ਹ: 08-01-2025

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ – 4 ਸ਼ਾਖਾ)

ਹੁਕਮ

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿਖੇ ਕੰਮ ਕਰ ਰਹੇ ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 09.08.2024 ਨੂੰ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵੱਲੋਂ ਲਏ ਗਏ ਫੈਸਲੇ/ਕੀਤੀ ਗਈ ਸ਼ਿਫਾਰਸ਼ ਅਨੁਸਾਰ 03 ਪ੍ਰਿੰਸੀਪਲਾਂ/ਉੱਪ ਜਿਲ੍ਹਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤ ਕਰਨ/ਤੈਨਾਤੀ ਕਰਨ ਸਬੰਧੀ ਹੁਕਮ ਸਰਕਾਰ ਦੇ ਪੱਤਰ ਨੰ: SED-EDU401/67/2024-2EDU4/126 ਮਿਤੀ 09.12.2024 ਰਾਹੀਂ ਜਾਰੀ ਕੀਤੇ ਗਏ ਸਨ। ਪੱਦ-ਉੱਨਤੀ ਦੇ ਹੁਕਮਾਂ ਵਿੱਚ ਇਹ ਸ਼ਰਤ ਲਗਾਈ ਗਈ ਸੀ ਕਿ ਜਿਹੜਾ ਅਧਿਕਾਰੀ ਮਿਤੀ 13.12.2024 ਤੱਕ ਹਾਜਰੀ ਰਿਪੋਰਟ ਪੇਸ਼ ਨਹੀਂ ਕਰਨਗੇ ਉਹਨਾਂ ਨੂੰ ਪੱਦ ਉੱਨਤੀ ਦੇ ਹਣ ਤੋਂ 02 ਸਾਲ ਲਈ ਡੀਬਾਰ ਕਰ ਦਿੱਤਾ ਜਾਵੇਗਾ।

2. ਹੁਣ ਹੇਠ ਲਿਖੇ ਅਧਿਕਾਰੀਆਂ ਵੱਲੋਂ ਪੱਦ ਉੱਨਤੀ ਲੈਣ ਤੋਂ ਇੰਨਕਾਰ/ਹਾਜਰ ਨਾ ਹੋਣ ਕਰਕੇ ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨ ਆਫ ਸਰਵਿਸ) ਰੂਲਜ 1994 ਦੇ ਨਿਯਮ 8(2) ਤਹਿਤ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ ਉੱਨਤੀ ਦੇ ਹੱਕ ਤੋਂ ਉਨ੍ਹਾਂ ਦੇ ਨਾਵਾਂ ਸਾਹਮਣੇ ਮਿਤੀਆਂ ਤੋਂ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕੀਤਾ ਜਾਂਦਾ ਹੈ:-

| ਲੜੀ ਨੰ: | ਨਾਮ ਸਰਵ ਸ੍ਰੀ/ਸ੍ਰੀਮਤੀ | ਸੀਨੀਆਰਤਾ ਨੰ: | ਕੈਟਾਗਿਰੀ | ਪੱਦ ਉੱਨਤੀ ਨਾ ਲੈਣ ਸਬੰਧੀ ਪ੍ਰਤੀਬੇਨਤੀ ਦੀ ਮਿਤੀ |
|---|---|---|---|---|
| 1. | ਵੈਸ਼ਾਲੀ ਚੱਢਾ | 1492 | ਜਨਰਲ | 11.12.2024 |
| 2. | ਚਰਨਜੀਤ ਕੌਰ | 1493 | ਜਨਰਲ | 10.12.2024 |

**ਮਿਤੀ, ਚੰਡੀਗੜ੍ਹ:**
**20.12.2024**

**ਕਮਲ ਕਿਸ਼ੋਰ ਯਾਦਵ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ,**
**ਸਕੂਲ ਸਿੱਖਿਆ ਵਿਭਾਗ।**

ਪਿੰ.ਅੰ. ਨੰ:/ਉਕਤ ਮਿਤੀ, ਚੰਡੀਗੜ੍ਹ: 08.01.2025

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਹਾਂ ਲੇਖਾਕਾਰ (ਏ.ਐਂਡ ਈ.) ਆਡਿਟ ਵਿੰਗ, ਪੰਜਾਬ ਚੰਡੀਗੜ੍ਹ।
2) ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3) ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।
4) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰ/ਐਲੀਮੈਂਟਰੀ), ਪੰਜਾਬ।
5) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
6) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ (ਵੈਬਸਾਈਟ ਰਾਹੀਂ)।
7) ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)।

(ਸੁਰਜੀਤ ਸਿੰਘ) 8/1/25
ਸੁਪਰਡੰਟ